

## ਕੰਢੀ ਕਨਾਲ

ਕੰਢੀ ਕੈਨਾਲ ਜੋ ਕਿ ਮੁਕੇਰੀਆਂ ਹਾਈਡਲ ਚੈਨਲ ਤਲਵਾੜਾ ਦੇ ਨਜ਼ਦੀਕ ਮੁਕੇਰੀਆਂ ਹਾਈਡਲ ਦੀ ਬੁਰਜੀ 5575 ਮੀਟਰ ਖੱਬੇ ਤੋਂ ਨਿਕਲਦੀ ਹੈ, ਸ਼ਿਵਾਲਿਕ ਦੇ ਪੈਰਾਂ ਵਿੱਚੋਂ ਦੀ ਗੁਜ਼ਰਦੀ ਹੋਈ ਬੁਰਜੀ 59.500 ਕਿ.ਮੀ. ਤੱਕ ਮੁਕੰਮਲ ਹੋ ਚੁੱਕੀ ਹੈ। ਜਿਸ ਨਾਲ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੰਢੀ ਏਰੀਏ ਨੂੰ ਸਿੰਚਾਈ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਅਤੇ ਕੰਢੀ ਨਹਿਰ ਸਟੇਜ-11 ਦੀ ਟੇਲ ਬਲਾਚੌਰ ਦੇ ਨਜ਼ਦੀਕ ਪਰਪੋਜ਼ ਕੀਤੀ ਗਈ ਹੈ। ਕੰਢੀ ਨਹਿਰ ਦੀ ਕੁੱਲ ਲੰਬਾਈ ਲੱਗਭੱਗ 130 ਕਿਲੋਮੀਟਰ ਹੈ ਅਤੇ ਇਸ ਦੀ ਵੱਧ ਤੋਂ ਵੱਧ ਪਾਣੀ ਸਮਰੱਥਾ ਹੈਡ ਤੋਂ 500 ਕਿਊਸਿਜ਼ ਹੈ। ਇਹ ਪ੍ਰੋਜੈਕਟ ਦੋ ਸਟੇਜਾਂ ਵਿੱਚ ਮੁਕੰਮਲ ਕਰਨ ਲਈ ਤਜਵੀਜ਼ ਕੀਤਾ ਗਿਆ ਸੀ।

1. **ਕੰਢੀ ਕੈਨਾਲ ਸਟੇਜ-1**

ਕੰਢੀ ਕੈਨਾਲ ਸ਼ਾਹ ਨਹਿਰ ਸਿਸਟਮ ਦੀ ਸਿੰਚਾਈ ਦੇ ਵਿਸਥਾਰ ਅਤੇ ਸੁਧਾਰ ਨਾਮ ਦੇ ਪ੍ਰੋਜੈਕਟ ਦਾ ਇੱਕ ਪ੍ਰਮੁੱਖ ਹਿੱਸਾ ਹੈ, ਜਿਸ ਨੂੰ ਭਾਰਤ ਸਰਕਾਰ ਦੇ ਪਲੈਨਿੰਗ ਕਮਿਸ਼ਨ ਵੱਲੋਂ ਪੱਤਰ ਨੰਬਰ 11-2 (118) 77-12 ਜੀ.ਏ.ਡੀ. ਮਿਤੀ: 1-2-1978 ਰਾਹੀਂ ਕਲੀਅਰ ਕੀਤਾ ਗਿਆ ਸੀ। ਕੰਢੀ ਨਹਿਰ ਸਟੇਜ਼-1 ਵਿੱਚ ਕੰਢੀ ਨਹਿਰ ਦੀ ਤਲਵਾੜਾ ਤੋਂ ਹੁਸ਼ਿਆਰਪੁਰ ਤੱਕ 59.500 ਕਿਲੋਮੀਟਰ ਦੀ ਲੰਬਾਈ 11 ਨੰਬਰ ਰਜਵਾਹੇ/ਮਾਈਨਰ ਦੀ 60.732 ਕਿਲੋਮੀਟਰ ਲੰਬਾਈ, 88 ਨੰਬਰ ਪੁੱਲ, 98 ਕਰਾਸ ਡਰੇਨੇਜ਼ ਵਰਕਸ, 27 ਨੰਬਰ ਪਸ਼ੂ ਘਾਟ, 7 ਨੰ. ਕਰਾਸ ਰੈਗੂਲੇਟਰ ਅਤੇ ਖਾਲਿਆਂ/ਸੂਇਆਂ ਦੀ 610 ਕਿਲੋਮੀਟਰ ਦੀ ਲੰਬਾਈ ਦੀ ਉਸਾਰੀ ਸ਼ਾਮਲ ਹੈ। ਇਸ ਦੀ ਉਸਾਰੀ ਦਾ ਕੰਮ 1979-80 ਵਿੱਚ ਸ਼ੁਰੂ ਕੀਤਾ ਗਿਆ ਸੀ, ਜੋ ਕਿ ਜੁਲਾਈ 1998 ਨੂੰ ਪੂਰਾ ਕਰ ਲਿਆ ਗਿਆ ਸੀ। ਕੰਢੀ ਨਹਿਰ ਸਟੇਜ-1 ਬਣਨ ਨਾਲ 242 ਕਿਊਸਜ਼ ਪਾਣੀ ਦੀ ਵਰਤੋਂ ਕਰਕੇ 215 ਪਿੰਡਾਂ ਦੇ 49072 ਏਕੜ (19867 ਹੈਕਟੇਅਰ) ਰਕਬੇ ਨੂੰ ਪਾਣੀ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਇਲਾਕੇ ਦੇ ਵਿਕਾਸ ਦੀ ਪ੍ਰਗਤੀ ਹੋ ਰਹੀ ਹੈ।

2. **ਕੰਡੀ ਕੈਨਾਲ ਸਟੇਜ਼-2**

ਪੰਜਾਬ ਸਰਕਾਰ ਦੇ ਸਿੰਚਾਈ ਵਿਭਾਗ ਨੇ ਕੰਡੀ ਕੈਨਾਲ ਨੂੰ ਬੁਰਜੀ 59.500 ਕਿਲੋਮੀਟਰ ਤੋਂ 130.00 ਕਿਲੋਮੀਟਰ (ਹੁਸ਼ਿਆਰਪੁਰ ਤੋਂ ਬਲਾਚੌਰ) ਤੱਕ ਵਧਾਉਣ ਦੀ ਤਜਵੀਜ਼ ਬਣਾਈ ਹੈ ਤਾਂ ਜੋ ਕੰਡੀ ਕੈਨਾਲ ਸਟੇਜ-1 ਦੀ ਟੇਲ ਤੋਂ ਬਚਦਾ 258 ਕਿਊਸਿਜ਼ ਪਾਣੀ ਵਰਤੋਂ ਵਿੱਚ ਲਿਆਂਦਾ ਜਾ ਸਕੇ ਅਤੇ 218 ਪਿੰਡਾਂ ਦੇ 72932 ਏਕੜ (29527) ਰਕਬਾ, ਜੋ ਕਿ ਬਜਵਾੜਾ, ਮਾਹਿਲਪੁਰ, ਗੜਸ਼ੰਕਰ ਅਤੇ ਬਲਾਚੌਰ ਬਲਾਕ ਵਿੱਚ ਪੈਂਦਾ ਹੈ, ਨੂੰ ਸਿੰਚਾਈ ਲਈ ਪਾਣੀ ਦੀਆਂ ਸਹੂਲਤਾਂ ਨੂੰ ਯਕੀਨੀ ਬਣਾਇਆ ਜਾ ਸਕੇ। ਕੰਡੀ ਕੈਨਾਲ ਸਟੇਜ-2 ਦੀ ਉਸਾਰੀ ਕਰਨਾ ਟੈਕਨੀਕਲ ਐਡਵਾਈਜ਼ਰੀ ਕਮੇਟੀ, ਮਨਿਸਟਰੀ ਆਫ਼ ਵਾਟਰ ਰੀਸੋਰਸਿਜ਼ ਅਤੇ ਸੈਂਟਰ ਵਾਟਰ ਕਮਿਸ਼ਨ ਨਵੀਂ ਦਿੱਲੀ ਦੁਆਰਾ, ਅਗਸਤ 1999 ਵਿੱਚ ਮੰਨਜ਼ੂਰ ਕਰ ਲਿਆ ਗਿਆ ਸੀ। ਇਸ ਤੋਂ ਇਲਾਵਾ ਇਨਵਾਇਰਨਮੈਂਟ ਅਤੇ ਫਾਰੈਸਟ ਕਲੀਅਰੈਂਸ ਪਹਿਲੇ ਹੀ ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਇੰਨਵਾਇਰਮੈਂਟ ਅਤੇ ਫਾਰੈਸਟ ਵਿਭਾਗ ਦੁਆਰਾ ਅਤੇ ਇਨਵੈਸਟਮੈਂਟ ਕਲੀਅਰੈਂਸ, ਪਲੈਨਿੰਗ ਕਮਿਸ਼ਨਰ ਦੁਆਰਾ ਦਿੱਤੀ ਜਾ ਚੁੱਕੀ ਹੈ।

ਅਲਾਈਨਮੈਂਟ/ਐਲ ਸੈਕਸ਼ਨ ਆਫ ਕੰਡੀ ਕੈਨਾਲ ਸਟੇਜ-2 ਪਹਿਲੇ ਹੀ ਮੁੱਖ ਇੰਜੀਨੀਅਰ/ਕੇ.ਏ.ਡੀ. ਦੁਆਰਾ ਮਨਜ਼ੂਰ ਕੀਤੇ ਜਾ ਚੁੱਕੇ ਹਨ। ਜ਼ਮੀਨ ਦੀ ਪ੍ਰਾਪਤੀ ਲਈ ਪੰਜਾਬ ਸਰਕਾਰ ਦੁਆਰਾ ਨੋਟੀਫ਼ਿਕੇਸ਼ਨ ਅਧੀਨ ਧਾਰਾ-4 ਪਹਿਲੇ 10.80 ਕਿਲੋਮੀਟਰ ਤੱਕ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਲੈਂਡ ਪੇਪਰਜ਼ ਅਧੀਨ ਧਾਰਾ-6 ਵੀ ਡੈਕਲਾਰੇਸ਼ਨ ਲਈ ਤਿਆਰ ਕੀਤੇ ਜਾ ਰਹੇ ਹਨ। ਇਸ ਪ੍ਰੋਜੈਕਟ ਦੀ ਉਸਾਰੀ ਸੈਂਟਰਲ ਲੋਨ ਅਸਿਸਟੈਂਸ (ਏ.ਆਈ.ਬੀ.ਪੀ.) ਸਕੀਮ ਦੁਆਰਾ ਸੈਂਟਰ ਅਤੇ ਸਟੇਟ ਦੇ 70:30 ਦੀ ਅਨੁਪਾਤ ਨਾਲ ਕੀਤੀ ਜਾਵੇਗੀ।